# PC-5920/NK

**O-2/2110**

## ਆਧੁਨਿਕ ਪੰਜਾਬੀ ਗਲਪ–I

Paper : P-1051, Opt. (ii)
(Semester–I)
(Regular & D.E.)

Time : Three Hours] [Maximum Marks : 60

**ਨੋਟ :** ਪ੍ਰਸ਼ਨ ਪੱਤਰ ਦੇ ਕੁਲ ਤਿੰਨ ਭਾਗ (ੳ, ਅ, ੲ) ਹਨ। ੳ ਭਾਗ ਵਿੱਚੋਂ ਕੋਈ **ਇਕ** ਪ੍ਰਸ਼ਨ ਕਰੋ। ਭਾਗ ਅ ਦੇ ਅੱਗੋਂ ਚਾਰ ਭਾਗ (ਅ–1, ਅ–2, ਅ–3, ਅ–4) ਹਨ। ਇਸ ਭਾਗ ਦੇ ਕੋਈ ਤਿੰਨ ਉਪਭਾਗਾਂ ਵਿੱਚੋਂ ਕੋਈ ਤਿੰਨ ਪ੍ਰਸ਼ਨ ਕਰੋ। ਅ ਭਾਗ ਦੇ ਚਾਰੇ ਉਪਭਾਗਾਂ ਵਿੱਚੋਂ ਕਿਸੇ ਇਕ ਉਪਭਾਗ ਵਿੱਚੋਂ ਵਿਦਿਆਰਥੀ ਦੋ ਪ੍ਰਸ਼ਨ ਹਲ ਨਹੀਂ ਕਰੇਗਾ। ਭਾਗ ੲ ਦੇ ਸਾਰੇ ਪ੍ਰਸ਼ਨ ਲਾਜ਼ਮੀ ਹਨ।

### ਭਾਗ–(ੳ)

I. ਜੋਗਿੰਦਰ ਸਿੰਘ ਰਾਹੀ ਦੇ ਆਲੇਖ 'ਨਾਵਲ ਦੀ ਵਿਧਾ' ਵਿਚਲੇ ਵਿਚਾਰਾਂ ਅਤੇ ਇਸ ਦੀ ਵਿਧੀ ਬਾਬਤ ਵਿਸਥਾਰ ਵਿਚ ਚਰਚਾ ਕਰੋ।

ਜਾਂ

ਗੁਰਦਿਆਲ ਸਿੰਘ ਦੇ ਆਲੇਖ 'ਦ੍ਰਿਸ਼ਟੀ–ਬਿੰਦੂ ਦੀ ਜੁਗਤ : ਸਿਧਾਂਤਕ ਪਰਿਪੇਖ' ਵਿਚਲੇ ਵਿਚਾਰਾਂ ਅਤੇ ਇਸ ਦੀ ਵਿਧੀ ਬਾਬਤ ਵਿਸਥਾਰ ਵਿਚ ਚਰਚਾ ਕਰੋ। (9×1=9)

## ਭਾਗ-(ੳ)

### ਉਪ-ਭਾਗ (ੳ-1)

II. ਸੁਖਦੇਵ ਸਿੰਘ ਖਾਹਰਾ ਦੇ ਆਲੇਖ 'ਨਾਵਲ ਦੀ ਵਿਧਾ' ਦੇ ਆਧਾਰ ਤੇ ਨਾਵਲ 'ਅੱਧ ਚਾਨਣੀ ਰਾਤ' ਦਾ ਅਧਿਐਨ ਪ੍ਰਸਤੁਤ ਕਰੋ।

ਜਾਂ

ਨਾਵਲ 'ਅੱਧ-ਚਾਨਣੀ ਰਾਤ' ਦਾ ਰੂਪ-ਵਿਧਾਈ ਅਧਿਐਨ ਪ੍ਰਸਤੁਤ ਕਰੋ।

### ਉਪ-ਭਾਗ (ੳ-2)

III. ਨਾਵਲ 'ਲੰਘ ਗਏ ਦਰਿਆ' ਦੇ ਔਰਤ-ਪਾਤਰ ਪਰੰਪਰਾ ਪੱਖੀ ਪੇਸ਼ ਹੋਏ ਹਨ, ਤੁਸੀਂ ਇਸ ਪੇਸ਼ਕਾਰੀ ਨੂੰ ਕਿਵੇਂ ਦੇਖਦੇ ਹੋ, ਵਿਸਥਾਰ ਵਿਚ ਚਰਚਾ ਕਰੋ।

ਜਾਂ

ਨਾਵਲ 'ਲੰਘ ਗਏ ਦਰਿਆ' ਵਿਚ ਵਫ਼ਾਦਾਰੀ ਨੂੰ ਸਰਵ-ਉੱਚ ਕਦਰ ਵਜੋਂ ਵਾਰ-ਵਾਰ ਉਭਾਰਿਆ ਗਿਆ ਹੈ, ਇਸ ਕਥਨ ਨੂੰ ਆਧਾਰ ਬਣਾ ਕੇ ਨਾਵਲ ਦਾ ਅਧਿਐਨ ਪ੍ਰਸਤੁਤ ਕਰੋ।

### ਉਪ-ਭਾਗ (ੳ-3)

IV. ਨਾਵਲ 'ਭੁੱਬਲ' ਇਸ ਸਭਿਆਚਾਰਕ ਦਸਤਾਵੇਜ਼ ਦੀ ਅਹਿਮੀਅਤ ਰੱਖਦਾ ਹੈ, ਦਿਸ ਕਥਨ ਦੇ ਹਵਾਲੇ ਨਾਵਲ ਦਾ ਅਧਿਐਨ ਪ੍ਰਸਤੁਤ ਕਰੋ।

ਜਾਂ

ਨਾਵਲ 'ਭੁੱਬਲ' ਵਿਚ ਮੈਂ ਪਾਤਰ ਦੀ ਘਾੜਤ ਲਈ ਕਿਹੜੀਆਂ ਬਿਰਤਾਂਤਕ ਜੁਗਤਾਂ ਦਾ ਪ੍ਰਯੋਗ ਕੀਤਾ ਗਿਆ ਹੈ, ਵਿਸਥਾਰ ਵਿਚ ਲਿਖੋ।

## ਉਪ-ਭਾਗ (ਅ-4)

V. ਨਾਵਲ 'ਗਿਰਵੀ ਹੋਏ ਮਨ' ਰੂਪ-ਵਿਧਾਈ ਅਧਿਐਨ ਪ੍ਰਸਤੁਤ ਕਰੋ।

ਜਾਂ

ਪਰਵਾਸੀ ਜੀਵਨ, ਪਰਵਾਸ ਅਤੇ ਮੂਲਵਾਸ ਦੇ ਵਿਚ-ਵਿਚਕਾਰ ਝੂਲਦੀ ਹੋਂਦ ਹੁੰਦਾ ਹੈ, ਇਸ ਕਥਨ ਦੇ ਹਵਾਲੇ ਨਾਲ ਸੰਸਾਰ ਦੇ ਪਾਤਰ ਦਾ ਅਧਿਐਨ ਪ੍ਰਸਤੁਤ ਕਰੋ। (9×3=27)

## ਭਾਗ-(ੲ)

VI. (1) ਕਵਿਤਾ ਦੀ ਦਿਸ਼ਾ ਹੈ ਤਨਾਉ ਦਾ ਸੁਲਝਾਓ ਤੇ ਨਾਵਲ ਦੀ ਦਿਸ਼ਾ ਹੈ ਤਨਾਉ ਦੀ ਪ੍ਰਤੀਤੀ। ਇਸ ਕਥਨ ਦੀ ਵਿਆਖਿਆ ਕਰੋ।

(2) ਨਾਵਲ ਵਿਚ ਚਿਤ੍ਰਣ ਜਾਂ ਵਰਣਨ ਦੀ ਕੀ ਭੂਮਿਕਾ ਹੁੰਦੀ ਹੈ?

(3) ਜੋਗਿੰਦਰ ਸਿੰਘ ਰਾਹੀ ਅਨੁਸਾਰ ਨਾਵਲ ਵਿਚ ਯਥਾਰਥ ਨੂੰ ਸਿਰਜਣ ਦੀ ਖ਼ਾਸ ਵਿਧਾ ਕਿਹੜੀ ਹੈ?

(4) ਸੁਪਨਿਆਂ ਦੇ ਸੰਤਾਪ ਨੂੰ ਨਾਵਲ ਦੀ ਵਿਧਾ ਗਿਆਨ ਵਿਚ ਬਦਲ ਦਿੰਦੀ ਹੈ। ਵਿਆਖਿਆ ਕਰੋ।

(5) ਕੀ ਨਾਵਲ ਨੂੰ ਮਿੱਥਾਂ ਤੋਂ ਬੇਨਿਆਜ਼ ਕਿਹਾ ਜਾ ਸਕਦਾ ਹੈ?

(6) ਨਾਵਲ 'ਅਧ ਚਾਨਣੀ ਰਾਤ' ਵਿਚ ਦਾਨੀ ਦੀ ਤ੍ਰਾਸਦੀ ਕੀ ਹੈ?

(7) 'ਅੱਧ ਚਾਨਣੀ ਰਾਤ' ਵਿਚ ਪਰੰਪਰਾ ਅਤੇ ਆਧੁਨਿਕਤਾ ਦਾ ਟਕਰਾ ਪੇਸ਼ ਹੋਇਆ ਹੈ, ਟਿੱਪਣੀ ਕਰੋ।

(8) 'ਲੰਘ ਗਏ ਦਰਿਆ' ਦੀ ਭਾਸ਼ਾ ਬਾਬਤ ਟਿੱਪਣੀ ਕਰੋ।

(9) 'ਲੰਘ ਗਏ ਦਰਿਆ' ਵਿਚ ਗੁਰਬਖਸ਼ੀਸ਼ ਦੀ ਮੌਤ ਕਿਸ ਤਰ੍ਹਾਂ ਹੁੰਦੀ ਹੈ?

(10) 'ਭੁੱਬਲ' ਨਾਵਲ ਦੀਆਂ ਪ੍ਰਮੁੱਖ ਬਿਰਤਾਂਤਕ ਜੁਗਤ ਦੱਸੋ।

(11) 'ਭੁੱਬਲ' ਵਿਚਾਰਧਾਰਾ ਪੱਖੋਂ ਕਿਸ ਕਿਸਮ ਦੀ ਰਚਨਾ ਹੈ, ਸੰਖੇਪ ਵਿਚ ਦੱਸੋ।

(12) 'ਗਿਰਵੀ ਹੋਏ ਮਨ' ਨਾਵਲ ਜੀਵਨ ਦੀ ਕਿਸ ਵਿਡੰਬਨਾ ਦੀ ਬਿੰਬਕਾਰੀ ਹੈ? (12×2=24)